ਕੰਡਕਟ ਬਰਾਂਚ
ਪ੍ਰੀਖਿਆ ਸ਼ਾਖਾ

ਪੰਜਾਬੀ ਯੂਨੀਵਰਸਿਟੀ
ਪਟਿਆਲਾ-147002
ਫੋਨ (ਨੰ.) 0175-3046370
2286454

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

---

ਨੰ..1261 ./ਕੰਡਕਟ

ਮਿਤੀ..11-01-2024

# ਪ੍ਰੀਖਿਆਂ ਕੇਂਦਰਾਂ ਲਈ ਜ਼ਰੂਰੀ ਸੂਚਨਾ

ਵੱਖ ਵੱਖ ਪ੍ਰੀਖਿਆਂ ਕੇਂਦਰਾਂ ਵਿਚ ਦਸੰਬਰ 2023 ਦੀਆਂ ਪ੍ਰੀਖਿਆਵਾਂ ਚੱਲ ਰਹੀਆ ਹਨ, ਪ੍ਰੀਖਿਆਂ ਸਾਖ਼ਾ ਦੇ ਧਿਆਨ ਆਇਆ ਹੈ ਕਿ ਕਈ ਪ੍ਰੀਖਿਆਂ ਕੇਂਦਰਾਂ ਤੇ ਯੂਨੀਵਰਸਿਟੀ ਵਲੋਂ ਜਿਨ੍ਹਾਂ ਅਧਿਆਪਕਾ ਦੀ ਡਿਊਟੀ ਲਗਾਈ ਗਈ ਹੈ , ਆਨੇ ਬਹਾਨੇ ਡਿਊਟੀ ਨਹੀਂ ਪੁੱਜ ਰਹੇ। ਸਬੰਧਿਤ ਪ੍ਰੀਖਿਆ ਕੇਂਦਰਾਂ ਤੇ ਕਈ ਅਨ ਅਧਿਕਾਰਤ ਵਿਆਕਤੀ ਜਾਂ ਅਧਿਆਪਕ ਪ੍ਰੀਖਿਆਂ ਡਿਊਟੀਆ ਦੇ ਰਹੇ ਹਨ। ਇਹਨਾਂ ਅਧਿਆਪਕਾਂ ਦੀ ਨਾ ਤਾ ਯੂਨੀਵਰਸਿਟੀ ਵਲੋਂ ਡਿਊਟੀ ਲਗਾਈ ਹੁੰਦੀ ਹੈ ਨਾ ਹੀ ਸਬੰਧਤ ਕਾਲਜ (ਜਿਥੇ ਪ੍ਰੀਖਿਆਂ ਕੇਂਦਰ ਹੈ) ਦੇ ਅਧਿਆਪਕ ਹੁੰਦੇ ਹਨ।ਇਸ ਤਰ੍ਹਾਂ ਪ੍ਰੀਖਿਆਂ ਕੇਂਦਰਾਂ ਵਿਚ ਅਨੁਸ਼ਾਸਣਹੀਣਤਾ ਪੈਦਾ ਹੁੰਦੀ ਹੈ। ਇਸ ਲਈ ਪ੍ਰੀਖਿਆਂ ਕੇਂਦਰਾ ਦੇ ਕੋਆਰਡੀਨੇਟਰਜ਼/ਸੈਂਟਰ ਨਿਗਰਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹੋਂ ਜਿਹੇ ਕੰਮਾਂ ਤੋਂ ਗੁਰੇਜ਼ ਕੀਤਾ ਜਾਵੇ ਤਾਂ ਕਿ ਨਿਯਮਾਂ ਅਧੀਨ ਪ੍ਰੀਖਿਆਵਾ ਸੰਪਨ ਹੋ ਸਕਣ।

ਕਈ ਪ੍ਰੀਖਿਆਂ ਕੇਂਦਰਾਂ ਦੇ ਕਮਰਿਆ ਦੇ ਬਾਹਰ ਅਤੇ ਬਾਥਰੂਮਾ ਵਿਚ ਪਰਚੀਆਂ/ਪ੍ਰੀਖਿਆਂ ਨਾਲ ਸਬੰਧਿਤ ਸਮੱਗਰੀ ਦੇ ਢੇਰ ਮਿਲ ਰਹੇ ਹਨ।ਜਿਸ ਦੀ ਪੂਰੀ ਜਿੰਮੇਵਾਰੀ ਪ੍ਰਿੰਸੀਪਲ/ਕੋਆਰਡੀਨੇਟਰ ਦੀ ਬਣਦੀ ਹੈ। ਕਈ ਕਾਲਜਾਂ ਵਿਚ ਫਲਾਇੰਗ ਦਸਤੇ ਨੂੰ ਰੋਕਣ ਲਈ ਗੇਟ ਤੇ ਪੁੱਛ ਗਿਛ ਕੀਤੀ ਜਾਦੀ ਹੈ ਅਤੇ ਪ੍ਰੀਖਿਆ ਕੇਂਦਰ ਵਿਚ ਫੋਨ ਕਰਕੇ ਸੂਚਿਤ ਕਰ ਦਿੱਤਾ ਜਾਦਾ ਹੈ। ਇਸ ਲਈ ਕਾਲਜਾਂ ਦੇ ਪ੍ਰਿੰਸੀਪਲ/ਕੋਆਰਡੀਨੇਟਰ ਸਾਹਿਬਾਨ ਨੂੰ ਬੇਨਤੀ ਹੈ ਕਿ ਫਲਾਇੰਗ ਸੁਕੈਂਅਡ ਦੀ ਗੇਟ ਤੇ ਇੰਟਰੀ ਬਿਨ੍ਹਾਂ ਦੇਰੀ ਯਕੀਨੀ ਬਣਾਈ ਜਾਵੇ ਜੀ।ਸੈਂਟਰ ਸੁਪਰਡੈਂਟ ਪ੍ਰੀਖਿਆਂ ਤੋਂ ਬਾਅਦ ਉੱਤਰ ਕਾਪੀਆਂ ਦੇ ਪੈਕਟ ਨੂੰ ਸਹੀ ਤਰੀਕੇ ਨਾਲ ਸੀਲਬੰਦ ਕਰਨਾ ਯਕੀਨੀ ਬਣਾਉਣਗੇ।ਕਿਸੇ ਵੀ ਪ੍ਰੀਖਿਆ ਕੇਂਦਰ ਤੇ ਇਹੋਂ ਜਿਹੀਆਂ ਅਨਿਯਮਾਤਾਵਾ ਪਾਏ ਜਾਣ ਤੇ ਪ੍ਰੀਖਿਆਂ ਕੇਂਦਰ ਰੱਦ ਕਰਨ ਦੀ ਕਾਰਵਾਈ ਆਰੰਭੀ ਜਾਵੇਗੀ।

Dham 11/1/24

**ਐਡੀਸ਼ਨਲ ਕੰਟਰੋਲਰ (ਪ੍ਰੀਖਿਆਵਾਂ)**

**ਉਤਾਰਾ :**
ਪ੍ਰਿੰਸੀਪਲ/ਕੋਆਰਡੀਨੇਟਰ ਸਮੂਹ ਪ੍ਰੀਖਿਆਂ ਕੇਂਦਰ